# ਪੰਜਾਬੀ ਬੋਲੀ ਤੇ ਸਾਹਿਤ ਵਿਚ ਅੰਮ੍ਰਿਤਾ ਪ੍ਰੀਤਮ ਦੇ ਯੋਗਦਾਨ ਨੂੰ ਬਿਆਨਦਾ ਦੋ ਰੋਜ਼ਾ ਕੌਮੀ ਸੈਮੀਨਾਰ ਸਮਾਪਤ

**ਨਵੀਂ ਦਿੱਲੀ: 21 ਦਸੰਬਰ (ਅਮਨਦੀਪ ਸਿੰਘ) :** 1947 ਵਿਚ ਹੋਈ ਵੰਡ ਦੀ ਪੀੜ੍ਹ ਨੂੰ 'ਅੱਜ ਆਖਾਂ ਵਾਰਸ ਸ਼ਾਹ ਨੂੰ, ਕਿਤੋਂ ਕਬਰਾਂ ਵਿਚੋਂ ਬੋਲ' ਕਵਿਤਾ ਰਾਹੀਂ ਬਿਆਨ ਕਰ ਕੇ, ਦੁਨੀਆ ਪੱਧਰ 'ਤੇ ਪ੍ਰਸਿੱਧ ਹੋਈ ਮਰਹੂਮ ਪੰਜਾਬੀ ਸਾਹਿਤਕਾਰਾ ਅੰਮ੍ਰਿਤਾ ਪ੍ਰੀਤਮ ਬਾਰੇ ਹੋਇਆ ਦੋ ਦਿਨਾ ਕੌਮੀ ਸੈਮੀਨਾਰ ਉਸਦੀ ਸਾਹਿਤਕ ਤੇ ਨਿੱਜੀ ਜ਼ਿੰਦਗੀ ਦੇ ਤਜਰਬਿਆਂ ਨੂੰ ਬਿਆਨ ਕਰ ਗਿਆ।




ਡਾ. ਹਰਵਿੰਦਰ ਸਿੰਘ ਆਪਣੇ ਵਿਚਾਰ ਸਾਂਝੇ ਕਰਦੇ ਹੋਏ। ਸਟੇਜ 'ਤੇ ਦੀਪਕ ਮਨਮੋਹਨ ਸਿੰਘ, ਗੁਰਬਚਨ ਸਿੰਘ ਭੁੱਲਰ, ਡਾ. ਮਨਮੋਹਨ, ਐਚ.ਐਸ. ਹੰਸਪਾਲ ਤੇ ਹਰਪ੍ਰੀਤ ਕੌਰ।

ਇਥੋਂ ਦੇ ਰਾਬਿੰਦਰ ਭਵਨ, ਮੰਡੀ ਹਾਊਸ ਵਿਖੇ ਸਾਹਿਤ ਅਕਾਦਮੀ ਤੇ ਪੰਜਾਬੀ ਅਕਾਦਮੀ ਵਲੋਂ ਸਾਂਝੇ ਤੌਰ 'ਤੇ ਅੰਮ੍ਰਿਤਾ ਪ੍ਰੀਤਮ ਦੀ ਜਨਮ ਸ਼ਤਾਬਦੀ ਨੂੰ ਸਮਰਪਤ ਕਰਵਾਏ ਗਏ ਸੈਮੀਨਾਰ ਦੇ ਅੱਜ ਦੂਜੇ ਦਿਨ ਪੁੱਜੇ ਕਈ ਪੰਜਾਬੀ ਵਿਦਵਾਨਾਂ ਦਾ ਮਤ ਸੀ ਕਿ ਅੰਮ੍ਰਿਤਾ ਦੀ ਨਿੱਜੀ ਜ਼ਿੰਦਗੀ ਦੀ ਬਜਾਏ ਸਾਨੂੰ ਉਸਦੇ ਉਸਾਰੂ ਪੱਖਾਂ ਤੇ ਪੰਜਾਬੀ ਬੋਲੀ ਦਾ ਰੁਤਬਾ ਉੱਚਾ ਚੁਕਣ ਲਈ ਕੀਤੇ ਗਏ ਕਾਰਜਾਂ ਨੂੰ ਉਭਾਰਨਾ ਚਾਹੀਦਾ ਹੈ।

ਤਕਰੀਬਨ ਹਰੇਕ ਵਿਦਵਾਨ ਨੇ ਅੰਮ੍ਰਿਤਾ ਪ੍ਰੀਤਮ ਵਲੋਂ ਸੰਪਾਦਤ ਕੀਤੇ ਗਏ ਪ੍ਰਸਿੱਧ ਰਸਾਲੇ 'ਨਾਗਮਣੀ' ਦੀ ਸਾਹਿਤਕ ਦੇਣ ਨੂੰ ਵੀ ਉਭਾਰਿਆ।

ਅੰਮ੍ਰਿਤਾ ਪ੍ਰੀਤਮ ਦੀ ਜ਼ਿੰਦਗੀ ਬਾਰੇ ਵਿਖਾਈ ਗਈ ਦਸਤਾਵੇਜ਼ੀ ਫ਼ਿਲਮ ਨੂੰ ਵੀ ਪੰਜਾਬੀ ਖੋਜਾਰਥੀਆਂ ਤੇ ਸਰੋਤਿਆਂ ਨੇ ਸਲਾਹਿਆ।

ਸਾਹਿਤਕਾਰ ਗੁਰਬਚਨ ਸਿੰਘ ਭੁੱਲਰ ਨੇ ਦੁਨੀਆ ਪੱਧਰ 'ਤੇ ਪੰਜਾਬੀ ਦੀ ਪ੍ਰਸਿੱਧੀ ਲਈ ਅੰਮ੍ਰਿਤਾ ਦੀ ਉਸਤਤਿ ਕੀਤੀ ਤੇ ਦੀਪਕ ਮਨਮੋਹਨ ਸਿੰਘ ਨੇ ਅੰਮ੍ਰਿਤਾ ਦੀ ਸਾਦਗੀ ਬਾਰੇ ਚਰਚਾ ਕੀਤੀ । ਡਾ.ਮਨਮੋਹਨ ਦਾ ਕਹਿਣਾ ਸੀ ਕਿ ਪੰਜਾਬੀ ਆਲੋਚਕਾ ਤੇ ਲਿਖਾਰੀਆਂ ਨੇ ਅੱਜੇ ਤੱਕ ਅੰਮ੍ਰਿਤਾ ਦਾ ਸਮੁੱਚਾ ਮੁਲਾਂਕਣ ਨਹੀਂ ਕੀਤਾ, ਜੋ ਅਤਿ ਜ਼ਰੂਰੀ ਹੈ।

ਸਾਬਕਾ ਐਮ ਪੀ ਸ.ਐਚ.ਐਸ. ਹੰਸਪਾਲ ਨੇ ਅੰਮ੍ਰਿਤਾ ਦੇ ਉਸਾਰੂ ਪੱਖ ਤੋਂ ਵਿਦਿਆਰਥੀਆਂ ਨੂੰ ਸੇਧ ਲੈਣ ਦੀ ਨਸੀਹਤ ਦਿਤੀ। ਇਸ ਸਮੇਂ ਸਟੇਜ ਦੀ ਜ਼ਿੰਮੇਵਾਰੀ ਸਾਹਿਤ ਅਕਾਦਮੀ ਦੇ ਪੰਜਾਬੀ ਸਲਾਹਕਾਰ ਬੋਰਡ ਦੇ ਮੈਂਬਰ ਡਾ.ਹਰਵਿੰਦਰ ਸਿੰਘ ਨੇ ਨਿਭਾਈ ਤੇ ਪੰਜਾਬੀ ਅਕਾਦਮੀ ਦੀ ਸੀਨੀਅਰ ਅਫ਼ਸਰ ਹਰਪ੍ਰੀਤ ਕੌਰ ਨੇ ਧਨਵਾਦੀ ਸ਼ਬਦ ਸਾਂਝੇ ਕਰਦੇ ਹੋਏ ਕਿਹਾ ਵਿਦਵਾਨਾਂ ਨੇ ਅੰਮ੍ਰਿਤਾ ਦੇ ਨਿੱਜੀ ਤੇ ਸਾਹਿਤਕ ਜੀਵਨ ਦੇ ਨਵੇਂ ਕਿੱਸਿਆਂ ਨੂੰ ਬਿਆਨ ਕੇ ਵਧੀਆ ਕੰਮ ਕੀਤਾ ਹੈ।

'ਅੰਮ੍ਰਿਤਾ ਪ੍ਰੀਤਮ ਦੇ ਸਾਹਿਤ ਵਿਚ ਚਿੰਤਨ' ਨਾਅ ਦੇ ਪਹਿਲੇ ਸੈਸ਼ਨ ਦੀ ਪ੍ਰਧਾਨਗੀ ਡਾ.ਸੁਰਜੀਤ ਪਾਤਰ ਨੇ ਕੀਤੀ ਜਦੋਂਕਿ ਡਾ.ਕੁਲਵੀਰ ਨੇ 'ਅੰਮ੍ਰਿਤਾ ਦਾ ਬਗ਼ਾਵਤੀ ਸਾਹਿਤ', ਡਾ.ਯਾਦਵਿੰਦਰ ਸਿੰਘ ਨੇ 'ਅੰਮ੍ਰਿਤਾ ਦਾ ਰੁਮਾਂਸਵਾਦੀ ਸਾਹਿਤ', ਨੀਤੂ ਅਰੋੜਾ ਨੇ 'ਅੰਮ੍ਰਿਤਾ ਦਾ ਨਾਰੀਵਾਦੀ ਸਾਹਿਤ' ਮਨਜਿੰਦਰ ਸਿੰਘ ਨੇ 'ਅੰਮ੍ਰਿਤਾ ਦੇ ਸਾਹਿਤ ਦੀ ਭਾਸ਼ਾ' ਬਾਰੇ ਆਪਣੇ ਖੋਜ ਪਰਚੇ ਪੇਸ਼ ਕੀਤੇ।

'ਯਾਦਾਂ ਅੰਮ੍ਰਿਤਾ ਦੀਆਂ' ਸੈਸ਼ਨ ਵਿਚ ਡਾ.ਮੋਹਨਜੀਤ ਸਿੰਘ, ਕ੍ਰਿਪਾਲ ਕਜ਼ਾਕ, ਬੀਬਾ ਬਲਵੰਤ, ਰੇਣੂਕਾ ਸਿੰਘ ਤੇ ਅਜੀਤ ਸਿੰਘ ਨੇ ਅੰਮ੍ਰਿਤਾ ਪ੍ਰੀਤਮ ਨਾਲ ਜੁੜੀਆਂ ਯਾਦਾਂ ਨੂੰ ਸਾਂਝਾ ਕਰਦਿਆਂ ਕਿਹਾ ਕਿ ਹੁਣ ਤੱਕ ਅੰਮ੍ਰਿਤਾ ਪ੍ਰੀਤਮ ਦੇ ਸਾਹਿਤਕ ਯੋਗਦਾਨ ਦੀ ਬਜਾਏ ਉਸਦੀ ਨਿੱਜੀ ਜ਼ਿੰਦਗੀ ਨੂੰ ਲੈ ਕੇ ਜ਼ਿਆਦਾ ਗੱਲ ਹੋਈ ਹੈ।

ਇਸ ਮੌਕੇ ਸਾਹਿਤ ਅਕਾਦਮੀ ਦੇ ਸਕੱਤਰ ਕੇ. ਸ਼੍ਰੀ ਨਿਵਾਸ ਰਾਉ, ਪੰਜਾਬੀ ਅਕਾਦਮੀ ਦੇ ਸਕੱਤਰ ਸ.ਗੁਰਭੇਜ ਸਿੰਘ ਗੁਰਾਇਆ ਸਣੇ ਸੰਪਾਦਕ ਅਜੇ ਕੁਮਾਰ ਸ਼ਰਮਾ ਤੇ ਹੋਰ ਸ਼ਾਮਲ ਹੋਏ।